Exam.Code:0033
Sub. Code: 17958

2124

# B.Sc. (Hons.) Biotechnology
## First Semester
## BIOT-Sem-I-II-T: Punjabi
(Same for B.Sc. Bioinformatics and Agriculture First Semester)

Time allowed: 3 Hours | Max. Marks: 45

x-x-x

1. ਹੇਠ ਲਿਖੇ ਕਾਵਿ ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ। 5

ਅੰਨਦਾਤਾ!
ਮੈਂ ਚੰਮ ਦੀ ਗੁੱਡੀ, ਖੇਡ ਲੈ, ਖਿਡਾ ਲੈ!
ਲਹੂ ਦਾ ਪਿਆਲਾ, ਪੀ ਲੈ ਪਿਲਾ ਲੈ!
ਤੇਰੇ ਸਾਹਵੇਂ ਖੜੀ ਹਾਂ ਅਹਿ, ਵਰਤਣ ਦੀ ਸ਼ੈਅ ਜਿਵੇਂ ਚਾਹੇ ਵਰਤ ਲੈ!
ਓਂਗੀ ਹਾਂ, ਪਿਸੀ ਹਾਂ, ਗੁੱਝੀ ਹਾਂ, ਵਿਲੀ ਹਾਂ
ਤੇ ਅੱਜ ਤੱਤੇ ਤਵੇ ਉੱਤੇ ਜਿਵੇਂ ਚਾਹੇਂ ਪਰਤ ਲੈ!
ਮੈਂ ਬੁਰਕੀ ਤੋਂ ਵੱਧ ਕੁਝ ਨਹੀਂ ਜਿਵੇਂ ਚਾਹੇਂ ਨਿਗਲ ਲੈ!

ਜਾਂ

ਸਭ ਤੋਂ ਖਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜਰ ਦੇ ਲਈ ਖੜੀ ਹੁੰਦੀ ਹੈ
ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਕੁਝ ਵੇਖਦੀ ਹੋਈ ਵੀ ਠੰਢੀ ਯੱਖ ਹੁੰਦੀ ਹੈ।

2. ਕਿਸੇ ਇੱਕ ਕਵਿਤਾ ਦਾ ਵਿਸ਼ਾ-ਦੱਸ ਕੇ ਸਾਰ ਲਿਖੋ। 3+5=8
   ੳ) ਖਨਗਾਹੀ ਦੀਵਾ ਬਾਲਦੀਏ      ਅ) ਜਵਾਨ ਪੰਜਾਬ
3. ਹੇਠ ਲਿਖੇ ਛੋਟੇ ਉੱਤਰਾਂ ਵਾਲੇ ਕੋਈ ਪੰਜ ਪ੍ਰਸ਼ਨ ਕਰੋ। 1×5=5
   ੳ) 'ਕੰਬਦੀ ਕਲਾਈ' ਕਵਿਤਾ ਵਿੱਚ ਉੱਚੇ ਤੇ ਨੀਵੇਂ ਤੋਂ ਕੀ ਭਾਵ ਹੈ ?
   ਅ) ਪੁਸਤਕਾਂ ਦੇ ਪੜ੍ਹਣ ਨਾਲ ਹਨੇਰ ਕਿਉਂ ਵਧਦਾ ਜਾਂਦਾ ਹੈ?
   ੲ) ਧਰਮੀ ਬਾਬਲ ਨੇ ਕੀ ਪਾਪ ਕਮਾਇਆ ਹੈ?
   ਸ) 'ਰੌਸ਼ਨੀ ਦਾ ਦੌਰ' ਵਿੱਚ ਕਵੀ ਕਿਹੜੇ ਹਨ੍ਹੇਰੇ ਵੱਲ ਸੰਕੇਤ ਕਰਦਾ ਹੈ?
   ਹ) 'ਧਰਤੀ ਦੇ ਹੇਠਾਂ' ਕਾਵਿ ਕਿਰਤ ਵਿਚ ਧੌਲ ਦੀ ਕਹਾਣੀ ਤੋਂ ਭਾਵ ਹੈ?
   ਕ) ਬਾਲ ਨਾਥ ਰਾਝੇਂ ਨੂੰ ਜੋਗ ਦੇ ਕੇ ਕਿਉਂ ਪਛਤਾਉਂਦਾ ਹੈ ?
   ਖ) ਭਾਈ ਵੀਰ ਸਿੰਘ ਨੇ 'ਕੇਲੋ ਦੇ ਗੱਲ ਲਗੀ ਵੇਲ' ਕਵਿਤਾ ਵਿੱਚ ਕਿਹੜਾ ਅਲੰਕਾਰ ਵਰਤਿਆ ਹੈ ?
   ਗ) 'ਸੁਪਨਿਆਂ ਦੇ ਮਰ ਜਾਣ' ਨੂੰ ਕਵੀ ਖਤਰਨਾਕ ਕਿਉਂ ਕਹਿੰਦਾ ਹੈ?
4. ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਫੁੱਟਪਾਥਾਂ ਤੇ ਨਜ਼ਾਇਜ਼ ਕਬਜ਼ਿਆਂ ਦੀ ਸਮੱਸਿਆ ਬਾਰੇ ਪੱਤਰ ਲਿਖੋ। 07

ਜਾਂ

ਕਿਸੇ ਅਖਬਾਰ ਦੇ ਸੰਪਾਦਕ ਨੂੰ ਕਿਸਾਨਾਂ ਵਿੱਚ ਵੱਧ ਰਹੀਆਂ ਖੁਦਕੁਸ਼ੀਆਂ ਦੇ ਕਾਰਨਾਂ ਬਾਰੇ ਦਸੋਂ ਅਤੇ ਆਪਣੇ ਸੁਝਾਅ ਵੀ ਪੇਸ਼ ਕਰੋ।

5. (ੳ) ਵਿਸ਼ਰਾਮ ਚਿੰਨ੍ਹ ਲਗਾਓ- (3+3+4=10)

ਅਸੀਂ ਤਾਂ ਬਾਬਾ ਤੈਥੋਂ ਸਾਰੰਗੀ ਸੁਨਣ ਆਏ ਐਂ ਮੈਂ ਚਾਅ ਮੱਤੇ ਉਤਸਾਹ ਨਾਲ ਕਿਹਾ ਹਲਾ ਹਲਾ ਪੀਰੂ ਆਪਣੀ ਬੱਗੀ ਲੰਮੀ ਦਾੜੀ ਨੂੰ ਹੱਥ ਨਾਲ ਪਲੋਸਦਿਆ ਬੋਲਿਆ ਸਾਰੰਗੀ ਦੇ ਤੁਸੀਂ ਬਹੁਤ ਸੁਕੀਨ ਲੱਗਦੇ ਓ ਜੇ ਸ਼ੁਕੀਨ ਸੀ ਤਾਂ ਹੀ ਐਡੀ ਦੂਰੋਂ ਤੇਰੇ ਕੋਲ ਚੱਲ ਕੇ ਆਏ ਐਂ ਸੋਨੂੰ ਨੇ ਹੁੰਗਾਰਾ ਭਰਿਆ

(ਅ) ਹੇਠ ਲਿਖੇ ਵਾਕ ਨੂੰ ਹਰ ਪੱਖੋਂ ਸ਼ੁੱਧ ਕਰਕੇ ਲਿਖੋ।
   1. ਮੋਹਨ ਦਾ ਵਡਾ ਭਰਾ ਡਕਟਰ ਹੇ।
   2. ਮੇਨੂੰ ਠੰਢੇ ਪਾਨੀ ਦਾ ਇਕ ਗਲਾਸ਼ ਦੇਓ।
   3. ਕਰੋਗੇ ਜਿਵੇਂ, ਭਰੋਗੇ ਤਿਵੇਂ।

(ੲ) ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ।

ਅੱਖ ਲਗਣੀ, ਖੇਹ ਉਡਾਉਣੀ, ਉਂਗਲੀ ਤੇ ਨੱਚਾਉਣਾ, ਔਸੀਂਆ ਪਾਉਣਾ, ਸੋਨੇ ਤੇ ਸੁਹਾਗਾ, ਹੁੱਕਾ ਪਾਣੀ ਛੇਕਣਾ, ਸਿਰੋਂ ਪਾਣੀ ਲੰਘਣਾ, ਜੁੱਤੀ ਦਾ ਯਾਰ।

6. ਕਿਸੇ ਇੱਕ ਕਵੀ ਦੇ ਜੀਵਨ, ਰਚਨਾ ਅਤੇ ਯੋਗਦਾਨ ਬਾਰੇ ਜਾਣਕਾਰੀ ਦਿਉ। 10
   ੳ) ਭਾਈ ਵੀਰ ਸਿੰਘ      ਅ) ਪ੍ਰੋ. ਪੂਰਨ ਸਿੰਘ      ੲ) ਸੁਰਜੀਤ ਪਾਤਰ

x-x-x